This question paper contains 2 printed pages]

**Roll No.** | | | | | | | | | | | |

S. No. of Question Paper : **5744**

Unique Paper Code : **212651** **E**

Name of the Paper : **Punjabi Dicipline-A**

Name of the Course : **B.A. (Prog.)**

Semester : **VI**

Duration : **3 Hours** Maximum Marks : **75**

*(Write your Roll No. on the top immediately on receipt of this question paper.)*

**ਨੋਟ** : **ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।**

1. **ਕੁੱਕਨੂਸ** ਨਾਟਕ ਦੀ ਭੂਮਿਕਾ 'ਮੁੱਢਲੀ ਗੱਲ' ਨੂੰ ਆਧਾਰ ਬਣਾ ਕੇ ਨਾਟਕਕਾਰ ਮੇਜਰ ਇਸਹਾਕ ਮੁਹੰਮਦ ਦੀ ਨਾਟਕੀ ਵਿਲੱਖਣਤਾ ਬਾਰੇ ਵਿਚਾਰ ਕਰੋ।

ਜਾਂ

ਕੁੱਕਨੂਸ ਨਾਟਕ ਦਾ ਆਲੋਚਨਾਤਮਕ ਸਾਰ ਲਿਖੋ। 15

2. ਹੇਠਾ ਦਿੱਤੇ ਪ੍ਰਸ਼ਨਾਂ ਵਿਚੋਂ ਦੋ ਦਾ ਸੰਖੇਪ ਉੱਤਰ ਦਿਓ :

(i) ਕੁੱਕਨੂਸ ਨਾਟਕ ਵਿਚ 'ਮਰਦ ਨਾਲੋਂ ਇਸਤ੍ਰੀ ਪਾਤਰ ਵਧੇਰੇ ਸ਼ਕਤੀਸ਼ਾਲੀ ਹਨ,' ਨਾਟਕ ਵਿਚਲੀਆਂ ਸਥਿਤੀਆ ਨੂੰ ਸਾਹਮਣੇ ਰੱਖ ਕੇ ਵਿਚਾਰ ਕਰੋ।

(ii) 'ਕੁੱਕਨੂਸ' ਨਾਮ ਦੇ ਪਿਛੋਕੜ ਵਿਚ ਪਈ ਕਥਾ ਬਾਰੇ ਜਾਣਕਾਰੀ ਦਿਓ। ਨਾਟਕ ਵਿਚ ਇਹ ਕਿਵੇ ਮਹੱਤਵ ਧਾਰਨ ਕਰਦੀ ਹੈ ?

(iii) **ਕੁੱਕਨੂਸ** ਨਾਟਕ ਵਿਚੋਂ ਤੁਹਾਨੂੰ ਕਿਹੜਾ ਪਾਤਰ ਪਸੰਦ ਹੈ ਤੇ ਕਿਉਂ ? 2x5=10

3 ਪਰਵਾਸੀ-ਚੇਤਨਾ ਤੋਂ ਤੁਸੀ ਕੀ ਸਮਝਦੇ ਹੋ ? **ਪਰਵਾਸੀ ਕਾਵਿ-ਸੁਰਾਂ** ਪੁਸਤਕ ਵਿਚ ਕਿਹੜੇ ਮਸਲਿਆਂ ਨੂੰ ਛੂਹਿਆ ਗਿਆ ਹੈ ?

ਜਾਂ

ਹੇਠਾਂ ਦਿੱਤੀਆਂ ਕਵਿਤਾਵਾਂ ਵਿਚੋ ਦੋ ਦਾ ਆਲੋਚਨਾਤਮਕ ਸਾਰ ਲਿਖੋ :

ਝਾਂਜਰ, ਪਰੰਪਰਾ, ਲਿਬਾਸ, ਅਗਨੀ ਪ੍ਰੀਖਿਆ, ਸਾਨੂੰ ਕੋਈ ਵੀ ਨਾ ਦਿਓ 15

P.T.O

4. ਹੇਠਾਂ ਦਿੱਤੇ ਸਵਾਲਾਂ ਵਿਚੋਂ ਦੋ ਦਾ ਸੰਖੇਪ ਉੱਤਰ ਦਿਓ :

(i) 'ਅਗਨੀ ਪ੍ਰੀਖਿਆ

ਸਿਰਫ ਔਰਤ ਨੂੰ ਹੀ ਦੇਣੀ ਪੈਂਦੀ ਹੈ।

ਜਦ ਕਿ ਅੱਜ ਔਰਤ

ਆਪਣਾ ਸੀਸ ਤਲੀ 'ਤੇ ਧਰ ਖੜ੍ਹੀ ਹੈ' -

ਇਥੇ ਕਿਸ 'ਅਗਨੀ ਪ੍ਰੀਖਿਆ' ਵੱਲ ਇਹ ਕਵਿਤਾ ਇਸ਼ਾਰਾ ਕਰਦੀ ਹੈ ?

(ii) 'ਸਵਾਲ ਬਿਨਾ ਜਵਾਬ' ਕਵਿਤਾ ਵਿਚਲੀ ਕਾਵਿ-ਮੈਂ ਆਪਣੇ ਆਪ ਨੂੰ ਕਿਹੋ ਜਿਹੀ ਔਰਤ ਮੰਨ ਰਹੀ ਹੈ?

(iii) "ਝਾਂਜਰ" ਕਵਿਤਾ ਵਿਚ ਕਵੀ ਨੇ ਮਾਂ ਦੇ ਪੈਰੀ ਝਾਂਜਰਾਂ ਕਿਉਂ ਪਾਈਆਂ ਹਨ ? ਬੱਚਿਆਂ ਨੂੰ ਇਹ ਝਾਂਜਰਾਂ ਦਿਖਾ ਕੇ ਕੀ ਸੁਨੇਹਾ ਦੇਣਾ ਚਾਹਿਆ ਹੈ ? 2x5=10

5. ਪੰਜਾਬੀ 'ਧੁਨੀ ਵਿਉਂਤ' ਤੋਂ ਤੁਸੀ ਕੀ ਸਮਝਦੇ ਹੋ ? ਖੰਡੀ ਤੇ ਅਖੰਡੀ ਧੁਨੀਆ ਬਾਰੇ ਚਰਚਾ ਕਰੋ। 10

6. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ :

(ੳ) ਵਿਆਕਰਣ ਦੇ ਬੁਨਿਆਦੀ ਤੱਤਾਂ ਬਾਰੇ ਤੁਸੀ ਕੀ ਜਾਣਦੇ ਹੋ ?

(ਅ) ਭਾਸ਼ਾ-ਵਿਗਿਆਨ ਨੂੰ ਪਰਿਭਾਸ਼ਿਤ ਕਰੋ।

(ੲ) ਸ਼ਬਦ-ਸ਼੍ਰੇਣੀਆਂ ਬਾਰੇ ਪੰਜਾਬੀ ਭਾਸ਼ਾ ਦੇ ਹਵਾਲੇ ਨਾਲ ਸੰਖੇਪ ਜਾਣਕਾਰੀ ਦਿਓ। 5x3=15